ਰੱਬਦੇ ਨਾਮ ਨਾਲ ਜੋ ਬਹੁਤ ਦਿਆਲੂ ਅਤੇ ਕ੍ਰਿਪਾ ਸ਼ੀਲ ਹੈ

## ਪੈਦਾ ਕਰਨੇ ਵਾਲੇ ਦਾ ਵਜੂਦ

ਅਗਰ ਆਪ ਨੂੰ ਇੱਕ ਆਦਮੀ ਕਹਿੰਦਾ ਹੈ ਕਿ ਇਸ ਸ਼ਹਿਰ ਵਿੱਚ ਇੱਕ ਕਾਰਖਾਨਾ ਹੈ ਜਿਸਦਾ ਨਾ ਕੋਈ ਮਾਲਿਕ ਹੈ ਨਾ ਕੋਈ ਇੰਨਜੀਨਿਅਰ, ਨਾ ਮਿਸਤੱਰੀ, ਸਾਰਾ ਕਾਰਖਾਨਾ ਆਪਣੇ ਆਪ ਕਾਮਯਾਬ ਹੋਗਿਆ ਹੈ,ਸਾਰੀਆਂ ਮਸ਼ੀਨਾਂ ਖ਼ੁਦ ਹੀ ਬੱਣਗਈਆਂ ਹਨ, ਖ਼ੁਦ ਹੀ ਸਾਰੇ ਪੁਰਜੇ ਅਪਣੀ ਅਪਣੀ ਜੱਗਹਾ ਤੇ ਲੱਗ ਵੀ ਗਏ ਹਨ, ਸਭ ਮਸ਼ੀਨਾਂ ਚੱਲ ਵੀ ਰਹਿਆਂ ਹਨ, ਅਤੇ ਖੁਦਹੀ ਉਹਨਾਂ ਤੋਂ ਅਜੀਬ ਅਜੀਬ ਚੀਜਾਂ ਬੱਣ ਬੱਣ ਕੇ ਨਿਕੱਲ ਰਹਿਆਂ ਹਨ, ਸੱਚ ਦੱਸੋ ਅਗਰ ਆਦਮੀ ਇਹ ਗੱਲ ਆਪ ਨੂੰ ਕਹਿਗਾ ਕਿ ਆਪ ਹੈਰਾਨੀ ਨਾਲ ਉਸਦਾ ਮੂੰਹ ਦੇਖਣ ਨਾ ਲੱਗੋਗੇ ?

ਹੁਣ ਵਿਚਾਰ ਕਰੋ ਕਿ ਇੱਕ ਕਾਰਖਾਨੇ ਦੇ ਬਾਰੇ ਵਿੱਚ ਤੁਸੀਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋ ਸਕਦੇ ਕੀ ਇਹ ਕਿਸੀ ਚਲਾਉਣ ਵਾਲੇ ਦੇ ਬਿੰਨਾ ਚੱਲ ਰਿਹਾ ਹੈ ਤਾਂ ਧਰਤੀ ਅਤੇ ਆਕਾਸ਼ ਦਾ ਇਹ ਜੱਬਰ ਦੱਸਤ ਕਾਰਖਾਨਾ ਤੁਹਾਡੇ ਸਾਹਮਣੇ ਚੱਲ ਰਿਹਾ ਹੈ,ਜਿਸ ਵਿੱਚ ਚੰਨ ਸੂਰਜ ਅਤੇ ਵੱਡੇ ਵੱਡੇ ਸਿਤਾਰੇ ਘੜੀ ਦੇ ਪੁਰਜਿਆਂ ਦੇ ਵਾਂਗ ਚੱਲ ਰਹੇ ਹਨ, ਆਪ ਇਹ ਕਿਵੇਂ ਮੰਨ ਸਕਦੇ ਹੋ ਕੀ ਇਹ ਸਭ ਕੁੱਝ ਕਿਸੀ ਬਨਾਉਣ ਵਾਲੇ ਦੇ ਬਿੰਨਾ ਆਪਣੇ ਆਪ ਖੁਦ ਚੱਲ ਰਿਹਾ ਹੈ। ਇੰਸਾਨ ਵੀ ਕਦੀ ਇੱਕ ਵਿਰਜ ਦਾ ਕੱਤਰਾ ਸੀ, ਨੋ ਮਹੀਨੇ ਦੀ ਵਿਸ਼ੇਸ਼ ਮੁਦੱਦਤ ਵਿੱਚ ਅਲੱਗ ਅਲੱਗ ਹਾਲਾਤਾਂ ਵਿਚੋਂ ਗੁਜਰ ਕੇ ਬਹੁਤ ਹੀ ਤੰਗ ਸਥਾਨ ਤੋਂ ਨਿਕਲਿਆ,ਉਸਦੇ ਲਈ ਮਾਂ ਦੀ ਛਾਤੀ ਵਿਚੋਂ ਦੁੱਧ ਉਪਲੱਬਧ ਹੋਇਆ,ਫਿਰ ਕੁੱਝ ਸਮੇਂ ਦੇ ਬਾਅਦ ਉਸ ਨੂੰ (ਬੁੱਧੀ) ਗਿਆਨ ਦਿੱਤਾ ਗਿਆ। ਸਾਨੂੰ ਦੱਸੋ ਕੀ ਇਹ ਸਭ ਕਿਸਨੇ ਕੀਤਾ? ਯਕਿੰਨਨ ਤੁਹਾਡਾ ਜਵਾਬ ਹੋਵੇਗਾ ਕੀ ਉਸ ਸ਼ਕਤੀ ਸ਼ਾਲੀ ਰੱਬ ਨੇ।

## ਇੱਕ ਈਸ਼ਵਰ ਵਾਦ



ਦੁਨੀਆਂ ਵਿੱਚ ਕੋਈ ਵੀ ਕੰਮ ਚਾਹੇ ਛੋਟਾ ਹੋਵੇ ਜਾਂ ਵੱਡਾ ਕਦੀ ਸਾਫ ਸੁੱਥਰੇ ਉਸੂਲ ਅਤੇ ਨਿਯਮ ਨਾਲ ਨਹੀਂ ਚੱਲ ਸਕਦਾ ਜੱਦ ਤੱਕ ਕਿ ਉਸਦਾ ਜਿੰਮੇਦਾਰ ਨਾ ਹੋਵੇ, ਕਿਉਂਕਿ ਇੱਕ ਸਕੂਲ ਦੇ ਦੋ ਹੈਡ ਮਾਸਟਰ,ਇੱਕ ਵਿਭਾਗ ਦੇ ਦੋ ਡਾਇਰੇਕਟਰ,ਇੱਕ ਫੋਜ਼ ਦੇ ਦੋ ਕਮਾਂਡਰ,ਇੱਕ ਹਕੂਮੱਤ ਦੇ ਦੋ ਬਾਦਸ਼ਾਹ,ਕਦੀ ਆਪਨੇ ਸੁਣਿਆ ਹੈ ? ਅਤੇ ਅਗਰ ਕਿਤੇ ਇਸ ਤਰ੍ਹਾਂ ਹੋਇਆ ਤਾਂ ਕਿ ਆਪ ਸਮਝਦੇ ਹੋ ਕਿ ਇੱਕ ਦਿਨ ਲਈ ਵੀ ਪ੍ਰਬੰਦ ਠੀਕ ਹੋ ਸਕਦਾ ਹੈ ?

ਹੁਣ ਆਪ-ਸੋਚੋ ਕਿ ਇਹ ਕਰੋੜਾਂ ਸਿਤਾਰੇ ਜੋ ਆਪ ਦੇ ਉਪਰ ਚੱਕਰ ਲਗਾਉਂਦੇ ਵਿਖਾਈ ਦਿੰਦੇ ਹਨ,ਇਹ ਧਰਤੀ ਜਿਸਦੇ ਉਪਰ ਆਪ ਰਹਿੰਦੇ ਹੋ ਇਹ ਚੰਨ ਜੋ ਰਾਤਾਂ ਨੂੰ ਨਿਕੱਲਦਾ ਹੈ,ਇਹ ਸੂਰਜ ਜਿਹੜਾ ਹਰ ਦਿਨ ਉਗਦਾ ਹੈ ਕੀ ਇਹਨਾਂ ਸਾਰਿਆਂ ਦਾ ਨਿਯਮ ਟਾਇਮ ਨਾਲ ਚੱਲਣ੍ਹਾ ਇਸ ਗੱਲ ਦਾ ਪਰਮਾਣ ਨਹੀਂ ਕਿ ਇਸ ਸੰਸਾਰ ਦਾ ਚਲਾਉਂਣ ਵਾਲਾ ਪ੍ਰਮਾਤਮਾਂ ਸ਼ਾਸਿਕ ਕੇਵਲ ਇੱਕ ਹੈ

## ਪ੍ਰਮਾਤਮਾਂ ਹੈ ਤਾਂ ਵਿਖਾਈ ਕਿਉਂ ਨਹੀਂ ਦਿੰਦਾ ?

ਸੰਸਾਰ ਵਿੱਚ ਵਿਭਿੰਨ ਚੀਜਾਂ ਹਨ ਜਿਹੜੀਆਂ ਵਿਖਾਈ ਨਹੀਂ ਦਿੰਦਿਆਂ ਪ੍ਰੰਤੂ ਮਾਨਵ ਉਹਨਾਂ ਦੇ ਅਸਤਿਤਵ ਤੇ ਵਿਸ਼ਵਾਸ਼ ਰੱਖਦਾ ਹੈ ਜਿਸ ਤਰ੍ਹਾਂ ਇੱਕ ਆਦਮੀ ਜਦੋਂ ਤੱਕ ਗੱਲ ਕਰਦਾ ਰਹਿੰਦਾ ਹੈ ਸਾਨੂੰ ਉਸਦੇ ਅੰਦਰ ਆਤਮਾਂ ਦੇ ਵਜੂਦ ਦਾ ਪੂਰਾ ਵਿਸ਼ਵਾਸ਼ ਹੁੰਦਾ ਹੈ ਲੇਕਿਨ ਜੱਦੋਂ ਜ਼ਮੀਨ ਉੱਤੇ ਡਿੱਗ ਜਾਂਦਾ ਹੈ,ਆਵਾਜ਼ ਬੰਦ ਹੋ ਜਾਂਦੀ ਹੈ ਅਤੇ ਸ਼ਰੀਰ ਢਿੱਲਾ ਪੈ ਜਾਂਦਾ ਹੈ ਤਾਂ ਸਾਨੂੰ ਉਸ ਦੇ ਅੰਦਰ ਆਤਮਾਂ ਨਿਕੱਲ ਜਾਣਦਾ ਪੂਰਾ ਵਿਸ਼ਵਾਸ਼ ਹੋ ਜਾਂਦਾ ਹੈ। ਜੱਦ ਕਿ ਅਸੀਂ ਆਂਤਮਾਂ ਨੂੰ ਨਿਕੱਲਦੇ ਹੋਏ ਨਹੀਂ ਵੇਖਦੇ।

(੨)ਜੱਦੋਂ ਅਸੀਂ ਘੱਰ ਵਿੱਚ ਬਿਜਲੀ ਦੀ ਸੁਵਿੱਚ ਆਨ ਕਰਦੇ ਹਾਂ ਤਾਂ ਪੂਰਾ ਘਰ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਸਾਨੂੰ ਪ੍ਰਕਾਸ਼ ਦੇ ਵੱਜੂਦ ਦਾ ਪੂਰਾ ਵਿਸ਼ਵਾਸ਼ ਹੋ ਜਾਂਦਾ ਹੈ ।ਫਿਰ ਜੱਦੋਂ ਉਸੇ ਸੁਵਿੱਚ ਨੂੰ ਆਫ਼ ਕਰਦੇ ਹਾਂ ਤਾਂ ਪ੍ਰਕਾਸ਼ ਚੱਲਾ ਜਾਂਦਾ ਹੈ। ਜਦ ਕਿ ਅਸੀਂ ਉਸ ਨੂੰ ਆਂਉਦੇ ਜਾਂਉਦੇ ਨਹੀਂ ਵੇਖਦੇ ।



ਇਸ ਪ੍ਰਕਾਰ ਅਸੀ ਹਵਾ ਦੇ ਵੱਜੂਦ ਦਾ ਕੇਵਲ ਅਨੁਭਵ ਕਰਦੇ ਹਾਂ ਉਸਨੂੰ ਵੇਖਦੇ ਨਹੀਂ ।

ਅਰਥਾਤ ਇਹ ਕਿ ਜਿਸ ਪ੍ਰਕਾਰ ਆਤਮਾਂ,ਬਿਜਲੀ ਅਤੇ ਹਵਾ ਨੂੰ ਵੇਖੇ ਬਿਨਾਂ ਉਸ ਦੇ ਵੱਜੂਦ ਉੱਤੇ ਸਾਨੂੰ ਪੂਰਾ ਪੂਰਾ ਵਿਸ਼ਵਾਸ ਹੁੰਦਾ ਹੈ ਉਸੀ ਤਰ੍ਹਾਂ ਪ੍ਰਮਾਤਮਾਂ ਦੇ ਵਜੂਦ ਦੀਆਂ ਨਿਸ਼ਾਨੀਆਂ ਧਰਤੀ ਅਤੇ ਆਕਾਸ਼ ਬਲਕਿ ਆਪ ਖ਼ੁੱਦ ਇੰਸਾਨ ਦੇ ਅੰਦਰ ਸਪੱਸ਼ਟ ਰੂਪ ਵਿੱਚ ਵਿਰਾਜਮਾਨ ਹੈ ਅਤੇ ਸੰਸਾਰ ਦਾ ਕੱਣ ਕੱਣ ਪ੍ਰਮਾਤਮਾਂ ਦੀ ਪਹਿਚਾਣ ਕਰਾਉਂਦਾ ਹੈ।

## ਇੰਨਸਾਨਾਂ ਦੀ ਤਬਾਹੀ ਦਾ ਵਾਸਤਵਿਕ ਕਾਰਣ

ਅੱਜ ਅਸੀਂ ਇੰਨਸਾਨਾਂ ਦੇ ਜੀਵਨ ਵਿੱਚ ਸ਼ਾਂਤੀ ਅਤੇ ਚੈਨਂ ਕਿਉਂ ਚੱਲਾ ਗਿਆ ? ਆਦਮੀ ਆਦਮੀ ਦਾ ਦੁਸ਼ਮਣ ਕਿਉਂ ਬੱਣ ਗਿਆ ਹੈ ? ਮੇਰੇ ਕੋਲ ਇਸ ਦਾ ਸਿੱਧਾ ਸਾਧਾ ਉਤੱਰ ਇਹ ਹੈ ਕਿ ਇੰਨਸਾਨ ਆਪਣੇ ਪੈਦਾ ਕਰਨ ਵਾਲੇ ਨੂੰ ਭੁੱਲ ਬੈਠਾ ਹੈ, ਸੰਸਾਰ ਦੇ ਵਾਸਤਵਿਕ ਸ਼ਾਸਕ ਦੇ ਵਿਰੂਧ ਚੱਲ ਰਿਹਾ ਹੈ, ਅਤੇ ਜੱਦੋਂ ਤੱਕ ਉਸ ਨੂੰ ਵਾਸਤਵਿਕਤਾ ਦੇ ਅਨੂੰਸਾਰ ਨਾ ਬਨਾਇਆ ਤਾਂ ਕੱਦੀ ਚੈਨ ਨ ਪਾ ਸਕੇਗਾ ।

ਖੁਦ ਆਪ ਵਿਚਾਰ ਕਰੋ ਕਿ ਅਗੱਰ ਆਪ ਕਿਸੇ ਨੋਕਰ ਨੂੰ ਤਨਖਾਹ ਦੇ ਕੇ ਪਾਲ ਰਹੇ ਹੋ ਤਾਂ ਕਿ ਉਸ ਨੋਕਰ ਦੀ ਅਸਲੀ ਹੈਸਿਅਤ ਇਹ ਨਹੀਂ ਹੈ ਕਿ ਉਹ ਆਪ ਦੀ ਆਗਿਆ ਦਾ ਪਾਲਣ ਕਰੇ ਅਤੇ ਆਪ ਦੀ ਇਸ਼ਾ ਅਨੂੰਸਾਰ ਕੰਮ ਕਰੇ ?

ਅਗੱਰ ਉਹ ਆਪਦਾ ਕੰਮ ਨਾ ਕਰਕੇ ਕਿਸੇ ਦੁਸਰੇ ਦਾ ਕੰਮ ਕਰ ਰਿਹਾ ਹੈ, ਜਾਂ ਆਪ ਦੇ ਕੰਮ ਦੇ ਨਾਲ ਕਿਸੇ ਦੂਜੇ ਦਾ ਵੀ ਕੰਮ ਕਰਦਾ ਹੈ ਤਾਂ ਕਿ ਆਪ ਨੂੰ ਉਸ ਨੋਕਰ ਉੱਤੇ ਗੁੱਸਾ ਨਾ ਆਵੇਗਾ?ਵੱਡੇ ਦੁੱਖ ਦੀ ਗੱਲ ਹੈ ਕਿ ਅੱਜ ਅਸੀਂ ਆਪਣੇ ਅਸਲੀ ਪ੍ਰਮਾਤਮਾਂ ਨੂੰ ਭੁੱਲ ਕੇ ਆਪਣੇ ਸਮਾਜ ਦੇ ਗੁਰੂਆਂ ਅਤੇ ਰਿਸ਼ੀਆਂ ਨੂੰ ਸਭ ਕੁਝ ਸਮਝ ਲਿਆ ਹੈ।

ਕਿਆ ਇਹ ਸੱਚ ਨਹੀ ਹੈ ਕਿ ਅੱਗਰ ਕੋਈ ਅਨਾਡੀ ਵਿਅਕਤੀ ਕਿਸੀ ਮਸ਼ੀਨ ਨੂੰ ਚੱਲਾਉਣਾਂ ਸ਼ੁਰੂ ਕਰ ਦੇ ਜਿਸ ਮਸ਼ੀਨ ਦੀ ਮਸ਼ੀਨਰੀ ਦਾ ਜਾਣਕਾਰ ਨਾ ਹੋਵੇ ਤਾਂ ਉਸ ਨੂੰ ਬਿਗਾੜ ਦੇਵੇਗਾ ?

ਇਹੀ ਉਦਾਹਰਣ ਇਸ ਸੰਸਾਰ ਦੀ ਹੈ, ਅਗੱਰ ਇੰਨਸਾਨ ਇਸ ਨਿਯਮ ਦਾ ਪਾਲਣ ਕਰਣ ਲੱਗੇ ਜਿਸ ਨੂੰ ਆਪ ਖ਼ੁੱਦ ਇਸ ਮਸ਼ੀਨ ਦੇ ਬਨਾਉਣ ਵਾਲੇ ਨੇ ਨਿਸ਼ਚਿਤ ਕੀਤਾ ਹੈ ਤਾਂ ਉਸਦਾ ਜੀਵਨ ਸੁੱਖ ਅਤੇ ਸਾਂਤੀ ਨਾਲ ਭੱਰਪੂਰ ਹੋ ਜਾਵੇਗਾ ।

## ਨਿਯਮ ਬਨਾਉਣ ਦਾ ਅਧਿਕਾਰ ਕਿਸਨੂੰ ?

ਮਾਨਵ ਜੀਵਨ ਦੇ ਲਈ ਨਿਯਮ ਬਨਾਉਣ ਦਾ ਅਧਿਕਾਰ ਉਸ ਨੂੰ ਹੈ ਜਿਸ ਦੀ ਨਜਰ ਵਿੱਚ ਸਮੱਸਤ ਮਾਨਵ ਇੱਕ ਸਮਾਨ ਹੋਣ ਲੇਕਿਨ ਸੰਸਾਰ ਵਿੱਚ ਕੋਈ ਆਦਮੀ ਇਸ ਤਰ੍ਹਾਂ ਨਹੀਂ, ਜੋ ਬੇਲਾਗ,ਨਿਸ਼ਪੱਕਸ਼, ਨਿਸਵਾਰਥ ਅਤੇ ਮਾਨਵ ਦੁਰਬਲਾਤਾ ਨਾਲ ਉਚੱਤਰ ਹੋਵੇ ,ਇਤਿਹਾਸ ਗਵਾਹ ਹੈ ਕਿ ਜੱਦ ਮਾਨਵ ਨੇ ਨਿਯਮ ਬਨਾਇਆ ਤਾਂ ਕੀਸੇ ਜਾਤੀ ਵਾਦ ਦੇ ਭਿਆਨੰਕ(ਪਰਿਨਾਮ)ਨਤੀਜੇ ਸਾਹਮਣੇ ਆਏ ਅਤੇ ਲੋਕਾਂ ਨੂੰ ਵਿਭਿੰਨ ਜਾਤੀਆਂ ਵਿੱਚ ਵੰਡ ਦਿੱਤਾ ਗਿਆ ਤਾਂ ਕਿੱਤੇ ਅਧਿਆਤਮਕ ਸ਼ਕਤੀ ਪ੍ਰਾਪਤ ਕਰਨ ਦੇ ਲਈ ਜੰਗਲਾਂ ਅਤੇ ਗੁਫ਼ਾਵਾਂ ਵਿੱਚ ਜਾ ਕੇ ਸੱਖਤ ਮੇਹਨਤ( ਪ੍ਰਿਸ਼ਰਮ) ਨੂੰ ਉੱਚਾ ਸਮਝਿਆ ਗਿਆ। ਅੱਜ ਵੀ ਅਗੱਰ ਸਾਰੇ ਇੰਸਾਨ ਇੱਕ ਪ੍ਰਮਾਤਮਾਂ ਦੇ ਨਿਯਮ ਨੂੰ ਸਵੀਕਾਰ ਕਰ ਲੈਣ ਤਾਂ ਸੱਭ ਇਕ ਹੋ ਜਾਂਣ ਕਿਉਂਕਿ ਪ੍ਰਮਾਤਮਾਂ ਦੀ ਦ੍ਰਿਸ਼ਟੀ ਵਿੱਚ ਸਾਰੇ ਇੰਨਸਾਨ ਇੱਕ ਸਮਾਨ ਹਨ ,ਕਿਸੇ ਨੂੰ ਜਾਤੀ ਅਤੇ ਵੰਸ਼ ਦੇ ਆਧਾਰ ਤੇ ਮਹਾਨਤਾ ਪ੍ਰਾਪਤ ਨਹੀ ਹੋ ਸਕਦੀ।

## ਸੁਣੋ ਆਪਣੇ ਪ੍ਰਮਾਤਮਾਂ ਦੀ-

“ਏ ਲੋਕੋ ਅਸੀ ਤੁਹਾਨੂੰ ਇੱਕ ਪੁਰਸ਼ ਅਤੇ ਇੱਕ ਇਸਤਰੀ ਤੋਂ ਪੈਦਾ ਕੀਤਾ ਅਤੇ ਤੁਹਾਨੂੰ ਬਿਰਾਦਰਿਆਂ ਅਤੇ ਕਬੀਲਿਆਂ ਦਾ ਰੂਪ ਦਿੱਤਾ, ਤਾਂ ਕਿ ਤੁਸੀਂ ਇੱਕ ਦੂਜੇ ਨੂੰ ਪਹਿਚਾਣੋ। ਅਸਲੀਅਤ ਵਿੱਚ ਅੱਲਾਹ ਦੇ ਇਥੇ ਆਪ ਤੋਂ ਸੱਭ ਤੋਂ ਜਿਆਦਾ ਪਿਆਰਾ ਉਹ ਹੈ,ਜੋ ਆਪ ਵਿੱਚ ਸੱਭ ਤੋਂ ਜਿਆਦਾ ਡਰ ਰੱਖਦਾ ਹੈ।ਬੇਸ਼ਕ ਹੀ ਅੱਲਾਹ ਸੱਭ ਕੁਝ ਜਾਨਣ ਵਾਲਾ ਖ਼ਬਰ ਰੱਖਣੇ ਵਾਲਾ ਹੈ”। (ਕੁਰਾਨ,ਸੂਰਾ.ਹੁਜਰਾਤ.ਆਯੇਤ ੧੩)

## ਸ਼ਾਂਤੀ ਕਿਸ ਪ੍ਰਕਾਰ ਸਥਾਪਿਤ ਹੋ ਸਕਦੀ ਹੈ ?



ਜਦੋਂ ਤੱਕ ਇੰਸਾਨ ਨੂੰ ਇਹ ਵਿਸ਼ਵਾਸ਼ ਨਾ ਹੋ ਜਾਵੇ ਕਿ ਮੇਰੇ ਊਪਰ ਕੋਈ ਐਸਾ ਹੈ,ਜਿਸ ਨੂੰ ਆਪਣੇ ਕਰਮਾਂ ਦਾ ਜਵਾਬ ਦੇਣਾ ਹੈ ਉਸ ਸਮੇ ਤੱਕ ਇਹ ਕਿਸੇ ਪ੍ਰਕਾਰ ਸੰਭਵ ਨਹੀਂ ਕਿ ਸ਼ਾਂਤੀ ਸਥਾਪਿਤ ਹੋ ਸਕੇ ਅਤੇ ਜਾਂਣਦੇ ਹੋ ਕਿ ਐਸੀ ਸ਼ਕਤੀ ਪ੍ਰਮਾਤਮਾਂ ਦੇ ਸਿਵਾ ਹੋਰ ਨਹੀ ਹੋ ਸਕਦੀ ਅਤੇ ਅਸੀਂ ਅਪਨੀ ਭੁਲਾਈ ਅਗਰ ਚਾਹੁੰਦੇ ਹਾਂ ਤਾਂ ਪ੍ਰਮਾਤਮਾਂ ਉੱਤੇ ਵਿਸ਼ਵਾਸ ਕਰੀਏ ਅਤੇ ਇਹ ਸਮਝਦੇ ਹੋਏ ਜੀਵਨ ਬਿਤਾਈਏ ਕਿ ਪ੍ਰਮਾਤਮਾਂ ਦੀ ਅਦਾਲਤ ਵਿੱਚ ਆਪਣੇ ਪੁਰੇ ਜੀਵਨ ਦੇ ਕੰਮਾਂ ਦਾ ਹਿਸਾਬ ਚੁਕਾਣਾ ਹੈ। ਭਾਰਾਵੋ ! ਇਸ ਸੰਸਾਰ ਵਿੱਚ ਅਸੀਂ ਇਸ ਪ੍ਰਿਖਿਆ ਵਿੱਚ ਪਏ ਹੋਏ ਹਾਂ। ਹੁਣ ਸਾਡੇ ਵਿੱਚ ਹਰ ਇੱਕ ਆਦਮੀ ਨੂੰ ਖੁਦ ਫੈਸਲਾ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਅਸਲੀ ਮਾਲਿਕ ਦਾ ਨਮਕ ਹਲਾਲ ਅਧਿਕਾਰੀ ਬੰਣਨਾ ਪਸੰਦ ਕਰਦਾ ਹੈ ਜਾਂ ਨਮਕ ਹਰਾਮ। ਆਪ ਅਪਣੇ ਫੈਸਲੇ ਵਿੱਚ ਆਜ਼ਾਦ ਹੋ,ਚਾਹੇ ਇਹ ਰੱਸਤਾ ਅਪਣਾਓ ਚਾਹੇ ਉਹ ।

## ਸ਼ਾਂਤੀ ਸਥਾਪਿਤ ਕਰਨ ਦੇ ਵਾਰੇ ਬਾਬਾ ਨਾਨਕ ਜੀ ਦਾ ਸੰਦੇਸ਼

ਸੁਭਨ੍ਹਾਂ ਕਾਦਰ ਲੇਖਾ ਹੋਵੇ ਕਰਨੀ ਬਾਝ੍ਹੂੰ ਤੇਰੇ ਨ ਕੋਏ,ਯਾਨੀ, ਹਰ ਮੱਨੁਖ ਨੂੰ ਆਪਣੇ ਅਮਲਾਂ ਦਾ ਹਿਸਾਬ ਦੇਣਾ ਪਊਗਾ,ਅਤੇ ਬਗੈਰ ਅੱਛੇ ਕੰਮ ਦੇ ਕੱਦੇ ਵੀ ਸ਼ਾਂਤੀ ਸਥਾਪਿਤ ਨਹੀਂ ਕਰ ਸਕਦਾ, ਅਤੇ ਸੁਣੋ ਹੇ ਹੇਬੱਤ ਤੱਤ ਦਿਨ ਕੀ ਜਿਸ ਦਿਨ ਅਦਲ ਕਰੇ, ਬਾਬਾ ਸਾਡੇ ਰੁਕੁਨਦੀਨ ਕਹਿਆ ਹੁਕਮ ਕਰੇ, ਜਨਮ ਸਾਖੀ ਵਿਲਾਯੱਤ ਵਾਲੀ ੨੫੦-ਜੋ ਮੈਂ ਕਿਆ ਸੋ ਮੈਂ ਪਾਇਆ ਦੋਸ਼ ਨਾ ਦੇਇਐ ਔਰ ਜਿੰਨਾਂ, ਗੁਰੂ ਗ੍ਰੰਥ ਸਾਹਿਬ-ਆਸਾ ਮਹੱਲਾ੧ ਪਾਟ ੪੨੩

* ਭਾਈਓ-ਪੜ੍ਹੋ ਤੇ ਸੋਚੋ- ਨਾਲ ਰਾਬਤਾ ਕਰੋ-



1

بنجابي

# الطريق إلى السلامة

# ਸ਼ਾਂਤੀ ਮਾਰਗ